Adda247

## PART – A

1. ਗੜਵਾ ਜਾਂ ਕਮੰਡਲ ਦੇ ਅਰਥਾਂ ਵਜੋਂ ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦ ਵਰਤਿਆ ਜਾ ਸਕਦਾ ਹੈ ?

a) ਗੜ੍ਹਆ b) ਚਿਰਮਚੀ c) ਬੱਠਲ d) ਗੰਡ

2. ਗਰੀਬ ਜਾਂ ਕੰਗਾਲ ਦੇ ਅਰਥਾਂ ਵਜੋਂ ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦ ਵਰਤਿਆ ਜਾ ਸਕਦਾ ਹੈ ?

a) ਮਸਕੀਨ b) ਦੁਹਾਜੂ c) ਬੇਰੋਜ਼ਗਾਰ d) ਬਦਕਿਸਮਤ

3. 'ਜਾਤ ਦੀ ਕੋਹੜ-ਕਿਰਲੀ ਸ਼ਤੀਰਾਂ ਨਾਲ ਜੱਫੇ' ਅਖਾਣ ਦਾ ਅਰਥ ਹੈ :

a) ਕਿਸੇ ਨੀਵੇਂ ਬੰਦੇ ਦਾ ਔਕਾਤ ਤੋਂ ਬਾਹਰਾ ਹੋ ਕੇ ਸੋਚਣਾ

b) ਛੋਟੀ-ਵੱਡੀ ਜਾਤ ਵਿਚ ਕੋਈ ਫਰਕ ਨਹੀਂ ਹੁੰਦਾ

c) ਵੱਡੇ ਬੰਦਿਆਂ ਦਾ ਕਾਰ-ਵਿਹਾਰ ਛੋਟਿਆਂ ਨਾਲ ਹੀ ਚਲਦਾ ਹੈ

d) ਛੋਟਾ ਬੰਦਾ ਛੇਤੀਂ ਰੰਗ ਬਦਲਦਾ ਹੈ

4. ਵਿਸ਼ਰਾਮ ਚਿੰਨ੍ਹਾਂ ਦੇ ਪੱਖੋਂ ਹੇਠ ਲਿਖਿਆਂ ਵਿਚੋਂ ਕਿਹੜਾ ਵਾਕ ਬਿਲਕੁਲ ਸਹੀ ਹੈ ?

a) ਰਾਮ ਦੇਵੀ ਨੇ ਹੱਥ ਨਾਲ ਇਸ਼ਾਰਾ ਕਰਦਿਆਂ ਕਿਹਾ, "ਵੀਰ ਰੋਟੀ ਪਾਣੀ ਛਕ ਕੇ ਜਾਣਾ।"

b) ਰਾਮ ਦੇਵੀ ਨੇ ਹੱਥ ਨਾਲ ਇਸ਼ਾਰਾ ਕਰਦਿਆਂ ਕਿਹਾ, "ਵੀਰ, ਰੋਟੀ-ਪਾਣੀ ਛਕ ਕੇ ਜਾਣਾ।"

c) ਰਾਮ ਦੇਵੀ ਨੇ ਹੱਥ ਨਾਲ ਇਸ਼ਾਰਾ ਕਰਦਿਆਂ ਕਿਹਾ, "ਵੀਰ ਰੋਟੀ ਪਾਣੀ ਛਕ ਕੇ ਜਾਣਾ"।

d) ਰਾਮ ਦੇਵੀ ਨੇ ਹੱਥ ਨਾਲ ਇਸ਼ਾਰਾ ਕਰਦਿਆਂ ਕਿਹਾ- ਵੀਰ, "ਰੋਟੀ-ਪਾਣੀ ਛਕ ਕੇ ਜਾਣਾ।"

5. 'ਗੁਰਵਿੰਦਰ ਕਿਤਾਬ ਲੈਣ ਬਜ਼ਾਰ ਗਿਆ ਸੀ' ਵਾਕ ਦਾ ਸ਼ੁੱਧ ਅੰਗਰੇਜ਼ੀ ਅਨੁਵਾਦ ਹੈ :

a) Gurvinder has gone to the market to buy a book.

b) Gurvinder was gone to the market to buy a book.

c) Gurvinder had gone to the market to buy a book.

d) Gurvinder gone to the market to buy a book.

6. 'ਅੱਖਾਂ ਵਿਚ ਘਸੁੰਨ ਦੇ ਕੇ ਰੋਣਾ' ਮੁਹਾਵਰੇ ਦਾ ਅਰਥ ਹੈ :

a) ਬਹੁਤ ਪਛਤਾਉਣਾ b) ਬਿਨਾਂ ਕਾਰਨ ਰੋਣਾ c) ਝੂਠਾ-ਮੂਠਾ ਰੋਣਾ d) ਸੱਚਾ ਬਣਨ ਲਈ ਰੋਣਾ

7. 'ਖੇਤੀ ਦਾ ਤਸੀਲੋਂ ਹੋ ਆਉਣਾ' ਮੁਹਾਵਰੇ ਦਾ ਅਰਥ ਹੈ :

a) ਮੂਰਖ ਦਾ ਮੁਖੀ ਬਣ ਜਾਣਾ

b) ਕੁਰਖ਼ਤ ਸੁਭਾਅ ਵਾਲਾ ਬਣ ਜਾਣਾ

c) ਥੋੜੀ ਗੱਲੋਂ ਆਪਣੇ ਵਿਚ ਵੱਡੀ ਵਿਸ਼ੇਸ਼ਤਾ ਮੰਨ ਲੈਣਾ

d) ਬੇਅਕਲ ਦਾ ਅਫ਼ਸਰ ਲੱਗ ਜਾਣਾ

8. 'ਗੁੰਦੇ ਸਿਰ 'ਤੇ ਕੰਘੀ ਫੇਰਨਾ' ਮੁਹਾਵਰੇ ਦਾ ਅਰਥ ਹੈ :

a) ਸ਼ਿੰਗਾਰੇ ਹੋਏ ਨੂੰ ਹੋਰ ਸਜਾਉਣਾ

b) ਕਿਸੇ ਦੇ ਕੀਤੇ ਕਰਾਏ ਦਾ ਜਸ ਆਪ ਖੱਟਣਾ

c) ਬੇਅਰਥ ਕੰਮ ਕਰਨਾ

d) ਸਿਰੇ ਦਾ ਨਕਾਰਾ ਕੰਮ ਕਰਨਾ

9. 'ਚੰਗਿਆੜਿਆਂ' ਸ਼ਬਦ ਦੀ ਵਿਆਕਰਨਕ ਪਛਾਣ ਹੈ :

a) ਇਕਵਚਨ ਇਸਤਰੀ ਲਿੰਗ b) ਬਹੁਵਚਨ ਪੁਲਿੰਗ c) ਇਕਵਚਨ ਪੁਲਿੰਗ d) ਬਹੁਵਚਨ ਇਸਤਰੀ ਲਿੰਗ

10. 'ਕਰਜ਼' ਸ਼ਬਦ ਦੀ ਵਿਆਕਰਨਕ ਪਛਾਣ ਹੈ :

a) ਇਕਵਚਨ ਇਸਤਰੀ ਲਿੰਗ b) ਬਹੁਵਚਨ ਪੁਲਿੰਗ c) ਇਕਵਚਨ ਪੁਲਿੰਗ d) ਬਹੁਵਚਨ ਇਸਤਰੀ ਲਿੰਗ

11. ਫ਼ੌਜ 'ਚੋਂ ਪੈਨਸ਼ਨ ਪਾ ਚੁੱਕੇ ਕੁਲਦੀਪ ਚੰਦ ਨੇ ਪਿੰਡ ਦੀ ਸੱਥ ਵਿਚ ਜੁੜੇ ਲੋਕਾਂ ਨੂੰ ਆਪਣੀ ਬਟਾਲੀਅਨ ਦੇ ਕਈ ਕਿੱਸੇ ਸੁਣਾਏ। ਇਸ ਵਾਕ ਵਿਚ ਇਕਵਚਨ ਸ਼੍ਰੇਣੀ ਦੇ ਕਿੰਨੇ ਨਾਂਵ ਆਏ ਹਨ ?

a) ਪੰਜ b) ਛੇ c) ਸੱਤ d) ਅੱਠ

12. ਪ੍ਰੇਮ, ਈਰਖਾ, ਸਾੜਾ, ਲੋਭ, ਮੋਹ, ਹੰਕਾਰ ਤੇ ਹੋਰ ਪਤਾ ਨਹੀਂ ਕਿੰਨਾਂ ਕੁਝ ਬੰਦੇ ਦੀ ਮਿੱਟੀ ਵਿਚ ਰਲੇ ਹੋਏ ਨੇ। ਇਸ ਵਾਕ ਵਿਚ ਕਿੰਨੇ ਭਾਵ ਵਾਚਕ ਸ਼੍ਰੇਣੀ ਦੇ ਨਾਂਵ ਆਏ ਹਨ ?

a) ਛੇ b) ਸੱਤ c) ਅੱਠ d) ਨੌਂ

13. 'ਇੱਜੜ' ਸ਼ਬਦ ਦੀ ਵਿਆਕਰਨਕ ਪਛਾਣ ਹੈ :

a) ਇਕਵਚਨ ਪੁਲਿੰਗ ਆਮ ਨਾਂਵ

b) ਬਹੁਵਚਨ ਪੁਲਿੰਗ ਇਕੱਠ ਵਾਚਕ ਨਾਂਵ

c) ਇਕਵਚਨ ਇਸਤਰੀ ਲਿੰਗ ਆਮ ਨਾਂਵ

d) ਇਕਵਚਨ ਪੁਲਿੰਗ ਭਾਵ ਵਾਚਕ ਨਾਂਵ

14. 'ਡੋਲਚੀਆਂ' ਸ਼ਬਦ ਦੀ ਵਿਆਕਰਨਕ ਪਛਾਣ ਹੈ :

a) ਇਕਵਚਨ ਪੁਲਿੰਗ ਆਮ ਨਾਂਵ

b) ਬਹੁਵਚਨ ਇਸਤਰੀ ਲਿੰਗ ਵਸਤ ਵਾਚਕ ਨਾਂਵ

c) ਬਹੁਵਚਨ ਇਸਤਰੀ ਲਿੰਗ ਆਮ ਨਾਂਵ

d) ਇਕਵਚਨ ਪੁਲਿੰਗ ਭਾਵ ਵਾਚਕ ਨਾਂਵ



Adda247

15. ਪਹਿਲਾਂ ਸਾਰੇ ਆਪੋ-ਆਪਣੇ ਵਿਚਾਰ ਰੱਖਣਗੇ ਫਿਰ ਮੈਂ ਆਪਣੀ ਕੋਈ ਰਾਇ ਦਿਆਂਗਾ। ਇਸ ਵਾਕ ਵਿਚ ਕ੍ਰਮਵਾਰ ਅਨਿਸ਼ਚੇਵਾਚਕ ਅਤੇ ਨਿੱਜਵਾਚਕ ਪੜਨਾਂਵ ਦੀ ਪਛਾਣ ਕਰੋ।

a) ਸਾਰੇ, ਆਪਣੀ
b) ਆਪੋ-ਆਪਣੀ, ਕੋਈ
c) ਕੋਈ, ਸਾਰੇ
d) ਕੋਈ, ਮੈਂ

16. ਜਿਹੜਾ ਕੋਈ ਵੀ ਇਸ ਠੰਗ ਦੀ ਮਦਦ ਕਰੇਗਾ, ਉਸ ਨਾਲ ਵੀ ਉਹੀ ਸਲੂਕ ਕੀਤਾ ਜਾਵੇਗਾ ਜੋ ਇਸ ਨਾਲ ਹੋ ਰਿਹਾ ਹੈ। ਇਸ ਵਾਕ ਵਿਚ ਕ੍ਰਮਵਾਰ ਸੰਬੰਧਵਾਚਕ ਅਤੇ ਅਨਿਸਚੇਵਾਚਕ ਪੜਨਾਂਵ ਦੀ ਪਛਾਣ ਕਰੋ।

a) ਜਿਹੜਾ, ਕੋਈ
b) ਜਿਹੜਾ, ਠੱਗ
c) ਕੋਈ, ਉਸ
d) ਜਿਹੜਾ, ਨਾਲ

17. ਹੇਠ ਲਿਖਿਆਂ ਵਿਚੋਂ ਉਸ ਵਿਕਲਪ ਨੂੰ ਚੁਣੋ ਜੋ ਸ਼ਬਦ-ਜੋੜਾਂ ਅਤੇ ਵਾਕ ਬਣਤਰ ਪੱਖੋਂ ਸਹੀ ਹੈ :

a) ਰੱਬ ਜਾਣਦੀ ਹੈ ਕਿ ਮੈਂ ਉਸਦਾ ਬੁਰਾ ਨਹੀਂ ਕੀਤਾ।
b) ਚੰਗਾ ਭਲਾ ਬੰਦਾ ਵੀ ਇਸ ਮੌਸਮ ਵਿਚ ਬੀਮਾਰ ਹੈ।
c) ਤੇਰਾ ਕੋਟ ਬਹੁਤ ਸੁਹਣਾ ਹੈ।
d) ਰਵੀ ਦਿੱਲੀ ਗਿਆ ਹੈ।

18. ਹੇਠ ਲਿਖਿਆਂ ਵਿਚੋਂ ਉਸ ਵਿਕਲਪ ਨੂੰ ਚੁਣੋ ਜੋ ਸ਼ਬਦ-ਜੋੜਾਂ ਅਤੇ ਵਾਕ ਬਣਤਰ ਪੱਖੋਂ ਸਹੀ ਹੈ :

a) ਗਾਂ ਘਾਹ ਚੁਗ ਰਹੀ ਹੈ।
b) ਉਸ ਨੇ ਮੇਰੇ ਹੱਥ ਦੇ ਅੰਗੂਠੇ ਫੜ ਲਏ।
c) ਮੇਰੇ ਕੰਨ ਵਿਚ ਦਰਦ ਹੈ।
d) ਮੇਰੀਆਂ ਅੱਖਾਂ ਵਿਚ ਅੱਥਰੂ ਆ ਗਿਆ।

19. ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦ 'ਅਪ' ਅਗੇਤਰ ਅਨੁਸਾਰ ਸਹੀ ਹੈ :

a) ਅਪਣਾਉਣ
b) ਅਪਰਾਧੀ
c) ਅਪਜਸ
d) ਅਪਵਿੱਤਰ

20. ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦ 'ਬੰਦ' ਪਿਛੇਤਰ ਅਨੁਸਾਰ ਸਹੀ ਨਹੀਂ ਹੈ :

a) ਕਮਰਬੰਦ
b) ਨਜ਼ਰਬੰਦ
c) ਕਲਮਬੰਦ
d) ਸੀਲਬੰਦ

21. "ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ" ਦਾ ਕਰਤਾ ਹੈ :

a) ਗੁਰੂ ਗੋਬਿੰਦ ਸਿੰਘ ਜੀ
b) ਭਗਤ ਕਬੀਰ ਜੀ
c) ਗੁਰੂ ਨਾਨਕ ਦੇਵ ਜੀ
d) ਭਗਤ ਰਵਿਦਾਸ ਜੀ

22. ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ਼ ਬਹਾਦਰ ਜੀ ਦੀਆਂ ਰਚਨਾਵਾਂ ਦੀ ਗਿਣਤੀ ਹੈ :

a) 59 ਸ਼ਬਦ ਤੇ 57 ਸਲੋਕ
b) 57 ਸ਼ਬਦ ਤੇ 59 ਸਲੋਕ
c) 56 ਸ਼ਬਦ ਤੇ 59 ਸਲੋਕ
d) 59 ਸ਼ਬਦ ਤੇ 59 ਸਲੋਕ

23. ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਵਾਰ ਵਿਚ ਛੰਦ ਵਰਤਿਆ ਹੈ :

a) ਦਵਇਆ
b) ਨਿਸ਼ਾਨੀ
c) ਸਿਰਖੰਡੀ
d) ਨਿਸ਼ਾਨੀ ਤੇ ਸਿਰਖੰਡੀ

24. 'ਬਦਸੂਰਤ, ਬਦਸ਼ਕਲ, ਕੋਝਾ, ਭੈੜਾ' ਸ਼ਬਦ ਦਾ ਸਮਾਨਾਰਥੀ ਹੈ :

a) ਬੇਅਕਲ
b) ਕਰੂਪ
c) ਸੁੰਦਰ
d) ਹਸੀਨ

25. ਗੁਰੂ ਅੰਗਦ ਦੇਵ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵਾਰਾਂ ਵਿੱਚ_______ ਅੰਕਿਤ ਹਨ।

a) ਸ਼ਬਦ
b) ਘੋੜੀਆਂ
c) ਸਲੋਕ
d) ਵਾਰਾਂ

26. "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥" ਕਿਸ ਦੀ ਰਚਨਾ ਹੈ :

a) ਗੁਰੂ ਗੋਬਿੰਦ ਸਿੰਘ
b) ਭਗਤ ਕਬੀਰ
c) ਗੁਰੂ ਤੇਗ਼ ਬਹਾਦਰ
d) ਗੁਰੂ ਨਾਨਕ ਦੇਵ

27. ਅਨੰਦਪੁਰ ਸਾਹਿਬ ਦੀ ਸਥਾਪਨਾ ਕਿਸ ਗੁਰੂ ਵੱਲੋਂ ਕੀਤੀ ਗਈ :

a) ਗੁਰੂ ਗੋਬਿੰਦ ਸਿੰਘ ਜੀ
b) ਗੁਰੂ ਤੇਗ਼ ਬਹਾਦਰ ਜੀ
c) ਗੁਰੂ ਹਰਿਗੋਬਿੰਦ ਜੀ
d) ਗੁਰੂ ਹਰ ਰਾਇ ਜੀ

28. ਪੰਜਾਬੀ ਭਾਸ਼ਾ ਦੀ ਛੋਟੀ ਤੋਂ ਛੋਟੀ ਅਰਥਹੀਣ ਇਕਾਈ ਹੈ :

a) ਭਾਵੰਸ਼
b) ਸ਼ਬਦ
c) ਵਾਕ
d) ਧੁਨੀ

29. ਪੰਜਾਬੀ ਭਾਸ਼ਾ ਦੀ ਸੁਰ ਨੂੰ ਅੰਕਿਤ ਕਰਨ ਵਾਲੇ ਲਿਪਾਂਕ ਹਨ :

a) ਘ, ਧ, ਝ, ਭ, ਢ
b) ਗ, ਰ, ਜ, ਕ, ਰ
c) ਕ, ਰ, ਯ, ਚ, ਬ
d) ਵ, ਮ, ਬ, ਗ, ਯ

30. ਪੰਜਾਬੀ ਵਿੱਚ ਲਗਾਖਰਾਂ ਦੀ ਗਿਣਤੀ ਹੈ :

a) ਦੋ
b) ਤਿੰਨ
c) ਚਾਰ
d) ਪੰਜ

31. 'ਸੂਰਜ ਗ੍ਰਹਿਣ' ਕਿਸ ਕਿਸਮ ਦਾ ਸਮਾਸੀ ਸ਼ਬਦ ਹੈ :

a) ਨਾਂਵ + ਨਾਂਵ
b) ਨਾਂਵ + ਵਿਸ਼ੇਸ਼ਣ
c) ਨਾਂਵ + ਕਿਰਿਆ + ਕਿਰਿਆ
d) ਵਿਸ਼ੇਸ਼ਣ + ਵਿਸ਼ੇਸ਼ਣ

32. 'ਝੂੰਮਰ' ਲਈ ਵਿਸ਼ੇਸ਼ ਸਾਜ਼ ਕਿਹੜਾ ਹੈ :

a) ਚਿਮਟਾ
b) ਖੜਤਾਲਾਂ
c) ਢੋਲ
d) ਅਲਗੋਜ਼ੇ

33. "ਕਵਣੁ ਸੁ ਗੁਪਤਾ ਕਵਣੁ ਸੁ ਮੁਕਤਾ ॥

ਕਵਣੁ ਸੁ ਅੰਤਰਿ ਬਾਹਰਿ ਜੁਗਤਾ ॥

ਕਵਣੁ ਸੁ ਆਵੈ ਕਵਣੁ ਸੁ ਜਾਇ ॥

ਕਵਣੁ ਸੁ ਤ੍ਰਿਭਵਣਿ ਰਹਿਆ ਸਮਾਇ ॥"

ਸਤਰਾਂ ਕਿਸ ਬਾਣੀ ਦੀਆਂ ਹਨ :

a) ਜਪੁਜੀ ਸਾਹਿਬ  b) ਦੱਖਣੀ ਓਅੰਕਾਰ  c) ਸਿੱਧ ਗੋਸਟਿ  d) ਆਸਾ ਦੀ ਵਾਰ

34. Agonise ਸ਼ਬਦ ਦਾ ਢੁੱਕਵਾਂ ਪੰਜਾਬੀ ਰੂਪ ਹੈ :

a) ਤਮਾਸ਼ਾ  b) ਤਾਲੀਆਂ  c) ਤਾੜਨਾ  d) ਤੜਫਾਉਣਾ

35. ਪ੍ਰਾਚੀਨ ਕਾਲ ਵਿੱਚ ਪੰਜਾਬ ਨੂੰ ਟੱਕ ਦੇਸ਼ ਕਿਉਂ ਕਿਹਾ ਜਾਂਦਾ ਸੀ :

a) ਟੱਕ ਕਬੀਲੇ ਦੇ ਕਾਰਨ  b) ਟੱਕ ਰਾਜੇ ਦੇ ਕਾਰਨ  c) ਟੱਕ ਸਿੱਕੇ ਦੇ ਕਾਰਨ  d) ਟੱਕ ਪਹਾੜ ਦੇ ਕਾਰਨ

36. ਬਿਕਰਮੀ ਸੰਮਤ ਹੁੰਦਾ ਹੈ :

a) ਇਸਵੀ ਸਾਲ ਤੋਂ 57 ਸਾਲ ਅੱਗੇ  c) ਇਸਵੀ ਸਾਲ ਤੋਂ 60 ਸਾਲ ਅੱਗੇ

b) ਇਸਵੀ ਸਾਲ ਤੋਂ 59 ਸਾਲ ਅੱਗੇ  d) ਇਸਵੀ ਸਾਲ ਤੋਂ 62 ਸਾਲ ਅੱਗੇ

37. ਵਿਸ਼ਰਾਮ ਚਿੰਨ੍ਹਾਂ ਦੇ ਪੱਖੋਂ ਹੇਠ ਲਿਖਿਆਂ ਵਿਚੋਂ ਕਿਹੜਾ ਵਾਕ ਬਿਲਕੁਲ ਸਹੀ ਹੈ ?

a) 'ਮੈਂ ਉਡੀਕਾਂ ਤੈਨੂੰ ਬੱਸ ਅੱਡੇ ਉੱਤੇ? ਰਮਿੰਦਰ ਨੇ ਪੁੱਛਿਆ। ਨਹੀਂ ਮੈਂ ਆਪੇ ਆਜੂੰ।' ਸਤਿੰਦਰ ਦਾ ਉੱਤਰ ਸੀ।

b) "ਮੈਂ ਉਡੀਕਾਂ ਤੈਨੂੰ ਬੱਸ ਅੱਡੇ ਉੱਤੇ। ਰਮਿੰਦਰ ਨੇ ਪੁੱਛਿਆ। ਨਹੀਂ ਮੈਂ ਆਪੇ ਆਜੂੰ।" ਸਤਿੰਦਰ ਦਾ ਉੱਤਰ ਸੀ।

c) "ਮੈਂ ਉਡੀਕਾਂ ਤੈਨੂੰ ਬੱਸ ਅੱਡੇ ਉੱਤੇ?" ਰਮਿੰਦਰ ਨੇ ਪੁੱਛਿਆ। "ਨਹੀਂ ਮੈਂ ਆਪੇ ਆਜੂੰ।" ਸਤਿੰਦਰ ਦਾ ਉੱਤਰ ਸੀ।

d) 'ਮੈਂ ਉਡੀਕਾਂ ਤੈਨੂੰ ਬੱਸ ਅੱਡੇ ਉੱਤੇ? ਰਮਿੰਦਰ ਨੇ ਪੁੱਛਿਆ। ਨਹੀਂ ਮੈਂ ਆਪੇ ਆਜੂੰ।' ਸਤਿੰਦਰ ਦਾ ਉੱਤਰ ਸੀ।

38. 'ਕਦੇ ਮਰ ਚਿੜੀਏ ਕਦੇ ਜਿਉਂ ਚਿੜੀਏ' ਦਾ ਅਰਥ ਹੈ :

a) ਚਮਤਕਾਰੀ ਹੋਣਾ  b) ਜਾਦੂ ਕਰਨਾ  c) ਚਿੜੀਆਂ ਨੂੰ ਸਮਝਣਾ  d) ਜ਼ੁਬਾਨ ਦਾ ਪੱਕਾ ਨਾ ਹੋਣਾ

39. 'ਗਰਬੜੇ' ਦਾ ਤਿਉਹਾਰ ਕਿਸ ਇਲਾਕੇ ਵਿਚ ਮਨਾਇਆ ਜਾਂਦਾ ਹੈ :

a) ਮਾਝੇ ਵਿਚ  b) ਮਾਲਵੇ ਵਿਚ  c) ਪੁਆਧ ਵਿਚ  d) ਸਾਰੇ ਪੰਜਾਬ ਵਿਚ

40. 'ਜਿਊਣਾ ਮੌੜ' ਪੰਜਾਬ ਦੇ ਕਿਸ ਖੇਤਰ ਨਾਲ ਸੰਬੰਧਿਤ ਲੋਕ-ਨਾਇਕ ਹੈ :

a) ਮਾਝਾ  b) ਮਾਲਵਾ  c) ਪੁਆਧ  d) ਦੁਆਬਾ

41. ਹੇਠ ਲਿਖਿਆਂ ਵਿਚੋਂ ਕਿਹੜੀ ਉਪਭਾਸ਼ਾ ਪੂਰਬੀ ਪੰਜਾਬ ਵਿਚ ਨਹੀਂ ਬੋਲੀ ਜਾਂਦੀ ?

a) ਪੁਆਧੀ  b) ਮਾਝੀ  c) ਦੁਆਬੀ  d) ਸਰਾਇਕੀ

42. /ਗ/ ਧੁਨੀ ਦੀ ਪਛਾਣ ਹੈ :

a) ਹੋਠੀ  b) ਤਾਲਵੀ  c) ਕੋਮਲ ਤਾਲਵੀ  d) ਉਲਟ-ਜੀਭੀ

43. ਪੰਜਾਬੀ ਦੀ ਕਿਸ ਉਪਭਾਸ਼ਾ ਵਿਚ ਪੰਜ ਨਾਸਕੀ ਵਿਅੰਜਨ ਮੌਜੂਦ ਹਨ :

a) ਮਾਝੀ  b) ਮਲਵਈ  c) ਦੁਆਬੀ  d) ਪੁਆਧੀ

44. ਪੰਜਾਬੀ ਭਾਸ਼ਾ ਦਾ ਜਨਮ-ਸ੍ਰੋਤ ਹੈ :

a) ਸੰਸਕ੍ਰਿਤ  b) ਹਿੰਦੀ  c) ਬ੍ਰਹਮੀ  d) ਅਰਬੀ

45. ਸਤਲੁਜ ਅਤੇ ਬਿਆਸ ਦਰਿਆਵਾਂ ਦੇ ਵਿਚਕਾਰ ਬੋਲੀ ਜਾਣ ਵਾਲੀ ਭਾਸ਼ਾ ਹੈ :

a) ਸਰਾਇਕੀ  b) ਪੁਆਧੀ  c) ਪੋਠੋਹਾਰੀ  d) ਦੁਆਬੀ

46. ਹੇਠਾਂ ਕਿਹੜਾ ਲੋਕ ਕਾਵਿ-ਰੂਪ ਦਿੱਤਾ ਗਿਆ ਹੈ ?

ਵਹਿੰਗੀ ਉੱਤੇ ਵਹਿੰਗੀ ਆ

ਰੱਬ ਸਾਨੂੰ ਧੀ ਵੇ ਦਿੱਤੀ ਜਿਹੜੀ ਪੁੱਤਰਾਂ ਤੋਂ ਮਹਿੰਗੀ ਆ।

a) ਸੁਹਾਗ  b) ਬੋਲੀ  c) ਛੰਦ  d) ਮਾਹੀਆ

47. ਹੇਠ ਲਿਖਿਆਂ ਵਿਚੋਂ ਕਿਹੜਾ ਚਰਖੇ ਦਾ ਹਿੱਸਾ ਨਹੀਂ ?

a) ਚਰਮਖ  b) ਤਕਲਾ  c) ਢੋਲ  d) ਗੁੰਬੜ

Adda247

48. ਵਾਗ ਫੜਾਈ ਦੀ ਰਸਮ ____ ਕਰਦੀਆਂ ਹਨ।

a) ਭੂਆ b) ਭੈਣਾਂ c) ਭਰਜਾਈਆਂ d) ਆਂਢਣਾ-ਗੁਆਂਢਣਾਂ

49. ੬੮੯ ਵਿਚੋਂ ਜੇਕਰ ੨੩ ਘਟਾ ਦਿੱਤੇ ਜਾਣ ਤਾਂ ___ ਬਚੇਗਾ।

a) ੮੯੯ b) ੬੬੬ c) ੬੭੮ d) ੬੮੮

50. ਹੇਠ ਲਿਖਿਆਂ ਵਿਚੋਂ ਕਿਹੜੇ ਮਹੀਨਿਆਂ ਦਾ ਸੰਬੰਧ ਸਰਦ ਰੁੱਤ ਨਾਲ ਹੈ।

a) ਅੱਸੂ-ਕੱਤਕ b) ਜੇਠ-ਹਾੜ c) ਚੇਤ-ਵਿਸਾਖ d) ਸਾਉਣ-ਭਾਦੋਂ

## PART – B

1. She ______ been to America, has she? Choose the appropriate verb.

a) hadn't b) hasn't c) haven't d) has

2. Select the word which is closest to the opposite in meaning of the underlined word.

It is not difficult to take note of his immaculate style of writing.

a) impeccable b) unsullied c) exquisite d) flawed

3. Translate the below sentence into Punjabi and choose the correct option.

The most useful training of my career was given to me by my boss.

a) ਮੇਰਾ ਬੌਸ ਮੈਨੂੰ ਮੇਰੇ ਕਰੀਅਰ ਦੀ ਸਭ ਤੋਂ ਉਪਯੋਗੀ ਸਿਖਲਾਈ ਦੇ ਰਿਹਾ ਹੈ।

b) ਮੇਰਾ ਬੌਸ ਮੈਨੂੰ ਮੇਰੇ ਕਰੀਅਰ ਦੀ ਸਭ ਤੋਂ ਉਪਯੋਗੀ ਸਿਖਲਾਈ ਦਿੰਦਾ ਹੈ।

c) ਮੇਰੇ ਕਰੀਅਰ ਦੀ ਸਭ ਤੋਂ ਉਪਯੋਗੀ ਸਿਖਲਾਈ ਮੈਨੂੰ ਮੇਰੇ ਬੌਸ ਦੁਆਰਾ ਦਿੱਤੀ ਗਈ ਸੀ।

d) ਮੇਰਾ ਬੌਸ ਮੈਨੂੰ ਮੇਰੇ ਕਰੀਅਰ ਦੀ ਸਭ ਤੋਂ ਉਪਯੋਗੀ ਸਿਖਲਾਈ ਦੇ ਰਿਹਾ ਹੈ।

4. 'ਨੈਹਰ, ਕਚੈਹਰੀ, ਪੀਗ, ਗੋਬੀ, ਸੌਂਹ, ਜੇਹੜਾ, ਕੇਹੜਾ, ਪੈਹਰ' ਸ਼ਬਦਾਂ ਦੇ ਸ਼ੁੱਧ ਰੂਪ ਹਨ :

a) ਨਹਿਰ, ਕਚਹਿਰੀ, ਪੀਗ, ਗੋਭੀ, ਸਹੁੰ, ਜੇਹੜਾ, ਕਿਹੜਾ, ਪੈਹਰ।

b) ਨੈਹਰ, ਕਚਹਿਰੀ, ਪੀਂਘ, ਗੋਬੀ, ਸਹੁੰ, ਜੇਹੜਾ, ਕਿਹੜਾ, ਪੈਹਰ।

c) ਨੈਹਰ, ਕਚਹਿਰੀ, ਪੀਂਘ, ਗੋਭੀ, ਸਹੁੰ, ਜਿਹੜਾ, ਕੇਹੜਾ, ਪੈਹਰ।

d) ਨਹਿਰ, ਕਚਹਿਰੀ, ਪੀਂਘ, ਗੋਭੀ, ਸਹੁੰ, ਜਿਹੜਾ, ਕਿਹੜਾ, ਪਹਿਰ।

5. ਮੁੰਡਾ ਕਲਮ ਘੜਦਾ ਹੈ।

ਵਾਕ ਵਿੱਚੋਂ ਮੁੱਖ ਕਿਰਿਆ ਕਿਹੜੀ ਹੈ?

a) ਮੁੰਡਾ b) ਘੜਦਾ c) ਘੜਦਾ ਹੈ d) ਹੈ

6. 'ਅਣਵਿਆਹਿਆ' ਸ਼ਬਦ ਵਿੱਚੋਂ ਪਿਛੇਤਰ ਚੁਣੋ।

a) ਇਆ b) ਵਿਆਹ c) ਅਣ d) ਹਿਆ

7. 'ਕੁਚੱਜ' ਸ਼ਬਦ ਵਿੱਚੋਂ ਅਗੇਤਰ ਕਿਹੜਾ ਹੈ?

a) ਚੱਜ b) ਕੁ c) ਆ d) ਚੱਜਾ

8. 'ਬਦਖੋਈ' ਸ਼ਬਦ ਕਿਸ ਸ਼੍ਰੇਣੀ ਨਾਲ ਸੰਬੰਧਿਤ ਹੈ :

a) ਆਮ ਨਾਂਵ b) ਭਾਵ ਵਾਚਕ ਨਾਂਵ c) ਇਕੱਠ ਵਾਚਕ ਨਾਂਵ d) ਵਸਤ ਵਾਚਕ ਨਾਂਵ

9. ਉਸਨੇ ਕੁੜੀ ਨੂੰ ਕਿਤਾਬ ਦਿੱਤੀ। ਵਾਕ ਵਿਚ 'ਉਸਨੇ' ਹੈ :

a) ਇਕਵਚਨ, ਕਰਤਾ, ਪਰਖਵਾਚੀ ਪੜਨਾਂਵ

b) ਇਕਵਚਨ, ਕਰਮ, ਪੁਰਖਵਾਚੀ ਪੜਨਾਂਵ

c) ਇਕਵਚਨ, ਕਰਤਾ, ਨਿਸ਼ਚੇਵਾਚਕ ਪੜਨਾਂਵ

d) ਪੁਲਿੰਗ, ਨਿਸ਼ਚੇਵਾਚਕ ਪੜਨਾਂਵ

10. 'ਦੁਆਬੀਆ' ਦਾ ਇਸਤਰੀ ਲਿੰਗ ਹੈ :

a) ਦੁਆਬਣ b) ਦੁਆਬੀ c) ਦੁਆਬੇ d) ਦੁਆਬਿਆ

11. 'ਘੜੀਆਂ ਪਲਾਂ 'ਤੇ ਹੋਣਾ' ਮੁਹਾਵਰੇ ਦਾ ਭਾਵ-ਅਰਥ ਹੈ :

a) ਵਕਤ ਦਾ ਬਹੁਤ ਖਿਆਲ ਰੱਖਣਾ b) ਮਰਨ ਕਿਨਾਰੇ ਹੋਣਾ c) ਡੰਗ ਟਪਾਉਣਾ d) ਬਿਮਾਰੀ ਵਿਚੋਂ ਰਾਜ਼ੀ ਹੋਣਾ

12. 'ਕਾਰੀਗਰ' ਦਾ ਵਿਰੋਧਾਰਥਕ ਸ਼ਬਦ ਹੈ :

a) ਬੇਕਾਰ b) ਬੇਰੁਜ਼ਗਾਰ c) ਅਨਾੜੀ d) ਆਜੜੀ

Adda247

13. ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦ 'ਉਪਰਾਮਤਾ' ਦਾ ਸਮਾਨਾਰਥਕ ਨਹੀਂ ਹੈ :

a) ਉਦਾਸੀ b) ਨਿਰਾਸ਼ਾ c) ਵੈਰਾਗ d) ਬੇਬਸੀ

14. ਖ਼ਰਚ ਅਤੇ ਖ਼ੁਰਾਕ, ਜੋ ਸਫ਼ਰ ਲਈ ਨਾਲ ਰੱਖੇ ਜਾਣ ਦਾ ਅਰਥ ਹੈ :

a) ਗਠੜੀ b) ਰਸਦ c) ਤੋਸਾ d) ਕਉਡੀ

15. ਹੇਠ ਲਿਖੇ ਸ਼ਬਦ ਸਮੂਹਾਂ ਵਿਚੋਂ ਕਿਹੜਾ ਸ਼ਬਦ-ਜੋੜਾਂ ਪੱਖੋਂ ਸਹੀ ਹੈ :

a) ਮੋਹਰਾ, ਖ਼ਜਾਨਚੀ, ਜਿਮੀਂਦਾਰ

b) ਮੋਹਰਾ, ਖ਼ਜ਼ਾਨਚੀ, ਜ਼ਿੰਮੀਦਾਰ

c) ਮਹੁਰਾ, ਖ਼ਜ਼ਾਨਚੀ, ਜ਼ਿਮੀਂਦਾਰ

d) ਮਹੁਰਾ, ਖ਼ਜਾਨਚੀ, ਜ਼ਿਮੀਦਾਰ

16. Which of the following command is NOT present in Quick Access Toolbar of MS Word ?

a) Draw Table b) E-mail c) Print Preview d) Prepare

ਹੇਠ ਲਿਖੀਆਂ ਕਮਾਂਡਾਂ ਵਿੱਚੋਂ ਕਿਹੜੀ ਕਮਾਂਡ ਐਮ.ਐਸ. ਵਰਡ ਦੇ ਕੁਇੱਕ ਅਸੈੱਸ ਟੂਲਬਾਰ ਵਿੱਚ ਮੌਜੂਦ ਨਹੀਂ ਹੈ ?

a) ਡਰਾਅ ਟੇਬਲ b) ਈ-ਮੇਲ c) ਪ੍ਰਿੰਟ ਪ੍ਰੀਵਿਊ d) ਪ੍ਰਿਪੇਅਰ

17. Which one of the following is NOT an Operating System (OS) ?

a) Windows 10 b) Linux c) DOS d) MS Excel

ਇਹਨਾਂ ਵਿੱਚੋਂ ਕਿਹੜਾ ਇੱਕ ਓਪਰੇਟਿੰਗ ਸਿਸਟਮ (OS) ਨਹੀਂ ਹੈ ?

a) ਵਿੰਡੋਜ਼ 10 b) ਲਾਈਨਕਸ c) ਡੀ. ਓ.ਐਸ. d) ਐਮ.ਐਸ. ਐਕਸਲ

18. Which of these toolbars allow you to alter the fonts' sizes ?

a) Standard b) Formatting c) Options d) Design

ਇਹਨਾਂ ਵਿੱਚੋਂ ਕਿਹੜਾ ਟੂਲਬਾਰ ਤੁਹਾਨੂੰ ਫੌਂਟਾਂ ਦੇ ਆਕਾਰ ਨੂੰ ਬਦਲਣ ਦੀ ਇਜਾਜ਼ਤ ਦਿੰਦਾ ਹੈ ?

a) ਸਟੈਂਡਰਡ b) ਫਾਰਮੈਟਿੰਗ c) ਓਪਸ਼ਨਸ d) ਡਿਜ਼ਾਈਨ

19. Which is the shortcut key to start a presentation in MS-Powerpoint from the beginning ?

ਐਮ.ਐਸ. ਪਾਵਰ ਪੁਆਇੰਟ ਵਿੱਚ, ਸ਼ੁਰੂਆਤ ਤੋਂ ਪ੍ਰੇਜ਼ੇਂਟੇਸ਼ਨ ਸ਼ੁਰੂ ਕਰਨ ਲਈ ਸ਼ਾਰਟਕੱਟ ਕੀ ਕਿਹੜੀ ਹੈ ?

a) F5 b) ALT+F5 c) CTRL+F5 d) SHIFT+F5

20. Which of the following is NOT a social media platform ?

a) Facebook b) Twitter c) Instagram d) PayTM

ਇਹਨਾਂ ਵਿੱਚੋਂ ਕਿਹੜਾ ਸੋਸ਼ਲ ਮੀਡੀਆ ਪਲੇਟਫਾਰਮ ਨਹੀਂ ਹੈ ?

a) ਫੇਸਬੁੱਕ b) ਟਵਿੱਟਰ c) ਇੰਸਟਾਗ੍ਰਾਮ d) ਪੇਟੀਐੱਮ

21. The "S" in HTTPS stands for :

a) Selected b) Secure c) Software d) System

HTTPS ਵਿੱਚ "S" ਦਾ ਅਰਥ ਹੈ :

a) ਸੇਲੇਕਟੇਡ b) ਸੈਕੇਓਰ c) ਸੋਫਟਵੇਅਰ d) ਸਿਸਟਮ

22. Which of these keys is not on the number keypad ?

ਇਹਨਾਂ ਵਿੱਚੋਂ ਕਿਹੜੀ ਕੁੰਜੀ ਨੰਬਰ ਕੀਪੈਡ 'ਤੇ ਨਹੀਂ ਹੈ ?

a) Ctrl b) Del c) Enter d) Num lock

23. The higher the resolution of a monitor, the :

a) larger the pixels are

b) less clear the screen is

c) further apart the pixels are

d) closer together the pixels are

ਇੱਕ ਮਾਨੀਟਰ ਦਾ ਰੈਜ਼ੋਲਿਊਸ਼ਨ ਜਿੰਨਾ ਵੱਧ ਹੋਵੇਗਾ :

a) ਪਿਕਸਲ ਓਨੇ ਹੀ ਵੱਡੇ ਹੋਣਗੇ

b) ਸਕਰੀਨ ਓਨੀ ਹੀ ਘੱਟ ਸਾਫ਼ ਹੋਵੇਗੀ

c) ਪਿਕਸਲ ਹੋਰ ਦੂਰ ਹੋਣਗੇ

d) ਪਿਕਸਲ ਇਕੱਠੇ ਨੇੜੇ ਹੋਣਗੇ

24. In MS-Word, you can detect spelling and grammar errors by pressing the key(s) :

ਐਮ.ਐਸ. ਵਰਡ ਵਿੱਚ, ਤੁਸੀਂ ____ ਕੁੰਜੀ ਦਬਾ ਕੇ ਸਪੈਲਿੰਗ ਅਤੇ ਵਿਆਕਰਣ ਦੀਆਂ ਗਲਤੀਆਂ ਦਾ ਪਤਾ ਲਗਾ ਸਕਦੇ ਹੋ।

a) Shift + F7 b) Ctrl + F7 c) Alt+ F7 d) F7

25. Which Sikh Guru and his bani (holy verse) is NOT correctly matched ?

a) Guru Arjun Dev ji – Sukhmani Sahib
b) Guru Amar Das ji – Anand Sahib
c) Guru Nanak Dev ji – Asa Di Var
d) Guru Ram Das ji – Akal Ustit

ਕਿਹੜੇ ਸਿੱਖ ਗੁਰੂ ਅਤੇ ਉਨ੍ਹਾਂ ਦੀ ਬਾਣੀ (ਪਵਿੱਤਰ ਬਾਣੀ) ਸਹੀ ਤਰ੍ਹਾਂ ਨਾਲ ਮੇਲ ਨਹੀਂ ਖਾਂਦੀ ?

a) ਗੁਰੂ ਅਰਜਨ ਦੇਵ ਜੀ – ਸੁਖਮਨੀ ਸਾਹਿਬ
b) ਗੁਰੂ ਅਮਰਦਾਸ ਜੀ – ਅਨੰਦ ਸਾਹਿਬ
c) ਗੁਰੂ ਨਾਨਕ ਦੇਵ ਜੀ – ਆਸਾ ਦੀ ਵਾਰ
d) ਗੁਰੂ ਰਾਮਦਾਸ ਜੀ – ਅਕਾਲ ਉਸਤਿਤ

26. Mardana was the devoted Muslim follower and companion of which Sikh Guru ?

a) Guru Teg Bahadur ji
b) Guru Nanak Dev ji
c) Guru Arjun Dev ji
d) Guru Gobind Singh ji

ਮਰਦਾਨਾ ਕਿਸ ਸਿੱਖ ਗੁਰੂ ਦਾ ਸਮਰਪਤ ਮੁਸਲਮਾਨ ਅਨੁਯਾਈ ਅਤੇ ਸਾਥੀ ਸੀ ?

a) ਗੁਰੂ ਤੇਗ ਬਹਾਦਰ ਜੀ b) ਗੁਰੂ ਨਾਨਕ ਦੇਵ ਜੀ c) ਗੁਰੂ ਅਰਜੁਨ ਦੇਵ ਜੀ d) ਗੁਰੂ ਗੋਬਿੰਦ ਸਿੰਘ ਜੀ

27. How many shalokas of Sheikh Farid have been included in the Adi Granth ?

ਆਦਿ ਗ੍ਰੰਥ ਵਿਚ ਸ਼ੇਖ ਫ਼ਰੀਦ ਦੇ ਕਿੰਨੇ ਸਲੋਕ ਸ਼ਾਮਿਲ ਹਨ ?

a) 112 b) 118 c) 132 d) 122

28. Who amongst the following was not associated with the Gadar Party ?

a) Tarak Nath Das
b) Mauvi Baraktullah
c) Vishnu Ganesh Pingle
d) Ganesh Srikrishna Khaparde

ਹੇਠ ਲਿਖੇ ਵਿੱਚੋਂ ਕੌਣ ਗਦਰ ਪਾਰਟੀ ਨਾਲ ਸਬੰਧਤ ਨਹੀਂ ਸੀ ?

a) ਤਾਰਕ ਨਾਥ ਦਾਸ b) ਮੌਵੀ ਬਰਕਤੁੱਲਾ c) ਵਿਸ਼ਨੂੰ ਗਣੇਸ਼ ਪਿੰਗਲੇ d) ਗਣੇਸ਼ ਸ੍ਰੀਕ੍ਰਿਸ਼ਨ ਖਾਪਰਡੇ

29. 'Doab' word has been taken from which language ?

a) Arabic b) Persian c) Urdu d) Hindi

'ਦੁਆਬ' ਸ਼ਬਦ ਕਿਸ ਭਾਸ਼ਾ ਤੋਂ ਲਿਆ ਗਿਆ ਹੈ ?

a) ਅਰਬੀ b) ਫ਼ਾਰਸੀ c) ਉਰਦੂ d) ਹਿੰਦੀ

30. Sutlej river enters the Shivalik hills at which of the following place in Punjab ?

a) Rupnagar b) Anandpur Sahib c) Nangal d) Nurpur Bedi

ਸਤਲੁਜ ਦਰਿਆ ਪੰਜਾਬ ਵਿੱਚ ਹੇਠ ਲਿਖੀਆਂ ਵਿੱਚੋਂ ਕਿਹੜੀ ਥਾਂ ਤੇ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਦਾਖਲ ਹੁੰਦਾ ਹੈ ?

a) ਰੂਪਨਗਰ b) ਅਨੰਦਪੁਰ ਸਾਹਿਬ c) ਨੰਗਲ d) ਨੂਰਪੁਰ ਬੇਦੀ

31. Punjab constitutes how much percent area of the total area of India ?

ਪੰਜਾਬ ਭਾਰਤ ਦੇ ਕੁੱਲ ਖੇਤਰਫਲ ਦਾ ਕਿੰਨਾ ਪ੍ਰਤੀਸ਼ਤ ਖੇਤਰ ਹੈ ?

a) 1.5 b) 2.5 c) 3.5 d) 2.2

32. Sirhind canal originates from the river Sutlej at :

a) Rupnagar b) Sirhind c) Nangal d) Talwara

ਸਰਹਿੰਦ ਨਹਿਰ ਸਤਲੁਜ ਦਰਿਆ ਤੋਂ ਇੱਥੇ ਨਿਕਲਦੀ ਹੈ :

a) ਰੂਪਨਗਰ b) ਸਰਹਿੰਦ c) ਨੰਗਲ d) ਤਲਵਾੜਾ

33. The Election Commissioner of Punjab is appointed by :

a) the Governor b) the Speaker c) the President d) the Chief Minister

ਪੰਜਾਬ ਦੇ ਚੋਣ ਕਮਿਸ਼ਨਰ ਦੀ ਨਿਯੁਕਤੀ ਕੌਣ ਕਰਦਾ ਹੈ ?

a) ਰਾਜਪਾਲ b) ਸਪੀਕਰ c) ਰਾਸ਼ਟਰਪਤੀ d) ਮੁੱਖ ਮੰਤਰੀ



Adda247

34. How many seats are reserved for women in all Panchayats in Punjab at all levels ?

a) one fourth b) one-third c) one half d) no reservation for women

ਪੰਜਾਬ ਦੀਆਂ ਸਾਰੀਆਂ ਪੰਚਾਇਤਾਂ ਵਿੱਚ ਔਰਤਾਂ ਲਈ ਹਰ ਪੱਧਰ 'ਤੇ ਕਿੰਨੀਆਂ ਸੀਟਾਂ ਰਾਖਵੀਆਂ ਹਨ ?

a) ਇੱਕ ਚੌਥਾਈ b) ਇੱਕ ਤਿਹਾਈ c) ਅੱਧੀਆਂ d) ਔਰਤਾਂ ਲਈ ਕੋਈ ਰਾਖਵਾਂਕਰਨ ਨਹੀਂ ਹੈ

35. Which of the pairs is WRONG ?

a) Novelist – Nanak Singh
b) Short Story – Sant Singh Sekhon
c) Poetess – Amrita Pritam
d) Critic – Balwant Gargi

ਜੋੜਿਆਂ ਵਿੱਚੋਂ ਕਿਹੜਾ ਗਲਤ ਹੈ ?

a) ਨਾਵਲਕਾਰ – ਨਾਨਕ ਸਿੰਘ
b) ਲਘੂ ਕਹਾਣੀ – ਸੰਤ ਸਿੰਘ ਸੇਖੋਂ
c) ਕਵਿਤਰੀ – ਅੰਮ੍ਰਿਤਾ ਪ੍ਰੀਤਮ
d) ਆਲੋਚਕ – ਬਲਵੰਤ ਗਾਰਗੀ

36. Which of the following rivers is associated with the love-story of Sohni-Mahiwal?

a) Jhelum b) Chenab c) Sindh d) Ravi

ਸੋਹਣੀ-ਮਹੀਂਵਾਲ ਦੀ ਪ੍ਰੇਮ ਕਹਾਣੀ ਹੇਠ ਲਿਖੇ ਵਿੱਚੋਂ ਕਿਸ ਦਰਿਆ ਨਾਲ ਜੁੜੀ ਹੋਈ ਹੈ ?

a) ਜੇਹਲਮ b) ਚਨਾਬ c) ਸਿੰਧ d) ਰਾਵੀ

37. Which 'victory-dance' is recognisable by swaying movements of the head ?

a) Dankara b) Julli c) Luddi d) Sammi

ਕਿਹੜਾ 'ਜਿੱਤ-ਨਾਚ' ਸਿਰ ਦੇ ਹਿੱਲਣ ਨਾਲ ਪਛਾਣਿਆ ਜਾ ਸਕਦਾ ਹੈ ?

a) ਡੰਕਾਰਾ b) ਜੁਲੀ c) ਲੁੱਡੀ d) ਸੰਮੀ

38. 'Mera Rusi Safarnama' has been written by :

a) Balbir Singh b) Prithvi Raj Kapoor c) Balraj Sahni d) Bhai Ram Singh

'ਮੇਰਾ ਰੂਸੀ ਸਫਰਨਾਮਾ' ਇਸ ਦੁਆਰਾ ਲਿਖਿਆ ਗਿਆ ਹੈ :

a) ਬਲਬੀਰ ਸਿੰਘ b) ਪ੍ਰਿਥਵੀ ਰਾਜ ਕਪੂਰ c) ਬਲਰਾਜ ਸਾਹਨੀ d) ਭਾਈ ਰਾਮ ਸਿੰਘ

39. Arrange the following important events in the history of Punjab in chronological order :

(i) Jallianwala Bagh Incident
(ii) Kamagata Maru Incident
(iii) The Ghadar Movement
(iv) Battle of Saragharhi

ਪੰਜਾਬ ਦੇ ਇਤਿਹਾਸ ਦੀਆਂ ਹੇਠ ਲਿਖੀਆਂ ਮਹੱਤਵਪੂਰਨ ਘਟਨਾਵਾਂ ਨੂੰ ਕਾਲਕ੍ਰਮ ਅਨੁਸਾਰ ਵਿਵਸਥਿਤ ਕਰੋ :

(i) ਜਲ੍ਹਿਆਂਵਾਲਾ ਬਾਗ ਕਾਂਡ
(ii) ਕਾਮਾਗਾਟਾ ਮਾਰੂ ਘਟਨਾ
(iii) ਗਦਰ ਲਹਿਰ
(iv) ਸਾਰਾਗੜ੍ਹੀ ਦੀ ਲੜਾਈ

a) (i), (ii), (iv) and (iii)
b) (iii), (ii), (i) and (iv)
c) (iv), (iii), (i) and (ii)
d) (iv), (iii), (ii) and (i)

40. The famous Sikh leader Banda Bahadur was captured and executed during the reign of the Mughal emperor :

a) Aurangzeb b) Bahadur Shah I c) Jahandar Shah d) Farrukh Siyar

ਪ੍ਰਸਿੱਧ ਸਿੱਖ ਆਗੂ ਬੰਦਾ ਬਹਾਦਰ ਨੂੰ ______ ਮੁਗਲ ਬਾਦਸ਼ਾਹ ਦੇ ਰਾਜ ਦੌਰਾਨ ਫੜ ਕੇ ਫਾਂਸੀ ਦਿੱਤੀ ਗਈ ਸੀ।

a) ਔਰੰਗਜ਼ੇਬ b) ਬਹਾਦਰ ਸ਼ਾਹ I c) ਜਹਾਂਦਰ ਸ਼ਾਹ d) ਫਾਰੂਖ ਸਿਆਰ

41. Which of the following is out of the purview of article 21 of the Constitution ?

a) Capital punishment
b) Right to livelihood
c) Sexual Harassment of women at work place
d) Right to life

ਹੇਠ ਲਿਖਿਆਂ ਵਿੱਚੋਂ ਕਿਹੜਾ ਸੰਵਿਧਾਨ ਦੇ ਅਨੁਛੇਦ 21 ਦੇ ਦਾਇਰੇ ਤੋਂ ਬਾਹਰ ਹੈ ?

a) ਫਾਂਸੀ ਦੀ ਸਜ਼ਾ b) ਰੋਜ਼ੀ-ਰੋਟੀ ਦਾ ਅਧਿਕਾਰ c) ਕੰਮ ਵਾਲੀ ਥਾਂ 'ਤੇ ਔਰਤਾਂ ਦਾ ਜਿਨਸੀ ਸ਼ੋਸ਼ਣ d) ਜੀਵਨ ਦਾ ਅਧਿਕਾਰ

Adda247

42. For how much time a person who is not a member of either House of Parliament can also be appointed as a minister ?

ਸੰਸਦ ਦੇ ਕਿਸੇ ਵੀ ਸਦਨ ਦਾ ਮੈਂਬਰ ਨਾ ਹੋਣ ਵਾਲੇ ਵਿਅਕਤੀ ਨੂੰ ਵੀ ਕਿੰਨੇ ਸਮੇਂ ਲਈ ਮੰਤਰੀ ਨਿਯੁਕਤ ਕੀਤਾ ਜਾ ਸਕਦਾ ਹੈ ?

a) 2 months (2 ਮਹੀਨੇ) b) 3 months (3 ਮਹੀਨੇ) c) 6 months (6 ਮਹੀਨੇ) d) 9 months (9 ਮਹੀਨੇ)

43. The Election Commission advises whom of the following on matters relating to the disqualification of the members of state legislature ?

a) Governor b) Chief Justice of High Court c) Chief Minister d) Speaker

ਰਾਜ ਵਿਧਾਨ ਸਭਾ ਦੇ ਮੈਂਬਰਾਂ ਦੀ ਅਯੋਗਤਾ ਨਾਲ ਸਬੰਧਤ ਮਾਮਲਿਆਂ ਬਾਰੇ ਚੋਣ ਕਮਿਸ਼ਨ ਹੇਠ ਲਿਖਿਆਂ ਵਿੱਚੋਂ ਕਿਸ ਨੂੰ ਸਲਾਹ ਦਿੰਦਾ ਹੈ ?

a) ਰਾਜਪਾਲ b) ਹਾਈ ਕੋਰਟ ਦੇ ਚੀਫ ਜਸਟਿਸ c) ਮੁੱਖ ਮੰਤਰੀ d) ਸਪੀਕਰ

44. What do we call the process in which no exchange of heat energy takes place between the gas and the surroundings ?

a) Adiabatic b) Isothermal c) Isochoric d) Isobaric

ਅਸੀਂ ਉਸ ਪ੍ਰਕਿਰਿਆ ਨੂੰ ਕੀ ਕਹਿੰਦੇ ਹਾਂ ਜਿਸ ਵਿੱਚ ਗੈਸ ਅਤੇ ਆਲੇ-ਦੁਆਲੇ ਦੇ ਵਿਚਕਾਰ ਤਾਪ ਊਰਜਾ ਦਾ ਕੋਈ ਵਟਾਂਦਰਾ ਨਹੀਂ ਹੁੰਦਾ ਹੈ ?

a) ਏਡਿਆਬੈਟਿਕ b) ਆਈਸੋਥਰਮਲ c) ਆਈਸੋਕੋਰਿਕ d) ਆਈਸੋਬਾਰਿਕ

45. The 'Greenhouse effect' is produced due to the presence of excess amount of :

a) Sulphur dioxide b) Nitrogen dioxide c) Carbon monoxide d) Methane

ਗ੍ਰੀਨਹਾਉਸ ਪ੍ਰਭਾਵ _____ ਦੇ ਵਧੇਰੇ ਮਾਤਰਾ ਵਿੱਚ ਮੌਜੂਦ ਹੋਣ ਕਾਰਨ ਪੈਦਾ ਹੁੰਦਾ ਹੈ ।

a) ਸਲਫਰ ਡਾਈਆਕਸਾਈਡ b) ਨਾਈਟ੍ਰੋਜਨ ਡਾਈਆਕਸਾਈਡ c) ਕਾਰਬਨ ਮੋਨੋਆਕਸਾਈਡ d) ਮੀਥੇਨ

46. Which among the following is the permissible noise level for residential areas for day time as declared by Central Pollution Control Board (CPCB) ?

a) 55 Decibels b) 60 Decibels c) 75 Decibels d) 90 Decibels

ਕੇਂਦਰੀ ਪ੍ਰਦੂਸ਼ਣ ਨਿਯੰਤਰਣ ਬੋਰਡ (CPCB) ਦੁਆਰਾ ਘੋਸ਼ਿਤ ਕੀਤੇ ਅਨੁਸਾਰ ਦਿਨ ਦੇ ਸਮੇਂ ਲਈ ਰਿਹਾਇਸ਼ੀ ਖੇਤਰਾਂ ਲਈ ਸ਼ੋਰ ਦਾ ਪੱਧਰ ਹੇਠ ਲਿਖਿਆਂ ਵਿੱਚੋਂ ਕਿਹੜਾ ਹੈ ?

a) 55 ਡੈਸੀਬਲ b) 60 ਡੈਸੀਬਲ c) 75 ਡੈਸੀਬਲ d) 90 ਡੈਸੀਬਲ

47. Which of these layers of the atmosphere consists of the ozone layer that is responsible for absorbing the Ultra-Violet (UV) light ?

a) Troposphere b) Mesosphere c) Stratosphere d) Rotosphere

ਵਾਯੂਮੰਡਲ ਦੀਆਂ ਇਹਨਾਂ ਪਰਤਾਂ ਵਿੱਚੋਂ ਕਿਸ ਵਿੱਚ ਓਜ਼ੋਨ ਪਰਤ ਹੁੰਦੀ ਹੈ ਜੋ ਅਲਟਰਾ-ਵਾਇਲੇਟ (ਯੂ.ਵੀ.) ਰੋਸ਼ਨੀ ਨੂੰ ਜਜ਼ਬ ਕਰਨ ਲਈ ਜ਼ਿੰਮੇਵਾਰ ਹੈ ?

a) ਟ੍ਰੋਪੋਸਫਿਅਰ b) ਮੇਸੋਸਫਿਅਰ c) ਸਟ੍ਰੈਟੋਸਫਿਅਰ d) ਰੋਟੋਸਫਿਅਰ

48. Which country is the highest contributor of per capita greenhouse gas emissions ?

a) China b) USA c) Russia d) India

ਪ੍ਰਤੀ ਵਿਅਕਤੀ ਗ੍ਰੀਨਹਾਉਸ ਗੈਸਾਂ ਦੇ ਨਿਕਾਸ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲਾ ਦੇਸ਼ ਕਿਹੜਾ ਹੈ ?

a) ਚੀਨ b) ਅਮਰੀਕਾ c) ਰੂਸ d) ਭਾਰਤ

49. The Nobel Prize for Physics 2022 has been shared by three scientists, for their work in which field ?

a) Nuclear Physics b) Quantum mechanics c) Atomic science d) Space Science

ਭੌਤਿਕ ਵਿਗਿਆਨ 2022 ਦਾ ਨੋਬਲ ਪੁਰਸਕਾਰ ਤਿੰਨ ਵਿਗਿਆਨੀਆਂ ਦੁਆਰਾ ਕਿਸ ਖੇਤਰ ਵਿੱਚ ਉਨ੍ਹਾਂ ਦੇ ਕੰਮ ਲਈ ਸਾਂਝਾ ਕੀਤਾ ਗਿਆ ਹੈ ?

a) ਨਿਊਕਲਿਅਰ ਫੀਜ਼ਿਕਸ b) ਕੁਆਂਟਮ ਮਕੈਨਿਕਸ c) ਪਰਮਾਣੂ ਵਿਗਿਆਨ d) ਪੁਲਾੜ ਵਿਗਿਆਨ

50. What is the theme of the G20 summit happening in India ?

a) Shaping an Interconnected World
b) Fighting poverty with rigidity
c) One Earth-One Family-One Future
d) Making the world together



Adda247

ਭਾਰਤ ਵਿੱਚ ਹੋ ਰਹੇ ਜੀ-20 ਸੰਮੇਲਨ ਦਾ ਥੀਮ ਕੀ ਹੈ ?

a) ਆਪਸ ਵਿੱਚ ਜੁੜੇ ਸੰਸਾਰ ਨੂੰ ਆਕਾਰ ਦੇਣਾ
b) ਕਠੋਰਤਾ ਨਾਲ ਗਰੀਬੀ ਨਾਲ ਲੜਨਾ
c) ਇੱਕ ਧਰਤੀ-ਇੱਕ ਪਰਿਵਾਰ-ਇੱਕ ਭਵਿੱਖ
d) ਦੁਨੀਆ ਨੂੰ ਇਕੱਠੇ ਬਣਾਉਣਾ

51. Choose the incorrect acid-source pair ?

a) Citric acid – Lemon
b) Lactic acid – Sour milk
c) Oxalic acid – Ant sting
d) Methanoic acid – Nettle sting

ਗਲਤ ਐਸਿਡ-ਸਰੋਤ ਜੋੜਾ ਚੁਣੋ ?

a) ਸਿਟਰਿਕ ਐਸਿਡ – ਨਿੰਬੂ
b) ਲੈਕਟਿਕ ਐਸਿਡ – ਖੱਟਾ ਦੁੱਧ
c) ਓਕਜ਼ੈਲਿਕ ਐਸਿਡ – ਕੀੜੀ ਦਾ ਡੰਗ
d) ਮੇਥਾਨੋਇਕ ਐਸਿਡ – ਨੈਟਲ ਦਾ ਡੰਗ

52. Which of the following is not a part of the flower ?

a) Petals b) Sepals c) Pistil d) Pericarp

ਇਹਨਾਂ ਵਿੱਚੋਂ ਕਿਹੜਾ ਫੁੱਲ ਦਾ ਹਿੱਸਾ ਨਹੀਂ ਹੈ ?

a) ਪੇਟਲਜ਼ b) ਸੇਪਲਸ c) ਪਿਸਟਿਲ d) ਪੇਰੀਕਾਰਪ

53. A market structure dominated by only a few firms is called :

a) Perfect Competition b) Monopoly c) Oligopoly d) Monopolistic Competiti

ਸਿਰਫ ਕੁਝ ਫਰਮਾਂ ਦੇ ਦਬਦਬੇ ਵਾਲੇ ਮਾਰਕੀਟ ਢਾਂਚੇ ਨੂੰ ਕਿਹਾ ਜਾਂਦਾ ਹੈ :

a) ਸੰਪੂਰਣ ਮੁਕਾਬਲਾ b) ਏਕਾਧਿਕਾਰ c) ਓਲੀਗੋਪੋਲੀ d) ਏਕਾਧਿਕਾਰ ਮੁਕਾਬਲਾ

54. Which Article in the constitution of India deals with the Annual Financial Statement ?

a) Article 111 b) Article 112 c) Article 123 d) Article 223

ਭਾਰਤ ਦੇ ਸੰਵਿਧਾਨ ਦਾ ਕਿਹੜਾ ਅਨੁਛੇਦ ਸਲਾਨਾ ਵਿੱਤੀ ਬਿਆਨ ਨਾਲ ਸੰਬੰਧਿਤ ਹੈ ?

a) ਆਰਟੀਕਲ 111 b) ਆਰਟੀਕਲ 112 c) ਆਰਟੀਕਲ 123 d) ਆਰਟੀਕਲ 223

55. When too much money is chasing too few goods, the situation is :

a) deflation b) inflation c) recession d) stagflation

ਜਦੋਂ ਬਹੁਤ ਜ਼ਿਆਦਾ ਪੈਸਾ ਬਹੁਤ ਘੱਟ ਚੀਜ਼ਾਂ ਦਾ ਪਿੱਛਾ ਕਰਦਾ ਹੈ, ਓਹ ਸਥਿਤੀ ਹੈ :

a) ਡੀਫਲੈਸ਼ਨ b) ਮੁਦਰਾਸਫੀਤੀ c) ਮੰਦੀ d) ਸਟੈਗਫਲੈਸ਼ਨ

56. In which year Lala Lajpat Rai was deported to Mandalay for organising the agrarian movement i Punjab ?

ਕਿਸ ਸਾਲ ਲਾਲਾ ਲਾਜਪਤ ਰਾਏ ਨੂੰ ਪੰਜਾਬ ਵਿੱਚ ਖੇਤੀ ਅੰਦੋਲਨ ਜਥੇਬੰਦ ਕਰਨ ਲਈ ਮਾਂਡਲੇ ਡਿਪੋਰਟ ਕਿੱਤਾ ਗਿਆ ਸੀ ?

a) 1905 b) 1907 c) 1909 d) 1911

57. The objective(s) of the Kuka Movement in the Punjab was/were :

a) To purify Sikh religion of its abuses and superstitions
b) The revival of Sikh sovereignty
c) The revival of Khalsa
d) Both (a) and (b)

ਪੰਜਾਬ ਵਿੱਚ ਕੂਕਾ ਲਹਿਰ ਦਾ/ਦੇ ਉਦੇਸ਼ ਸੀ/ਸਨ :

a) ਸਿੱਖ ਧਰਮ ਨੂੰ ਇਸ ਦੀਆਂ ਦੁਰਵਿਵਹਾਰਾਂ ਅਤੇ ਅੰਧਵਿਸ਼ਵਾਸਾਂ ਤੋਂ ਸ਼ੁੱਧ ਕਰਨਾ
b) ਸਿੱਖ ਪ੍ਰਭੂਸੱਤਾ ਦੀ ਪੁਨਰ ਸੁਰਜੀਤੀ
c) ਖਾਲਸੇ ਦੀ ਪੁਨਰ ਸੁਰਜੀਤੀ
d) (a) ਅਤੇ (b) ਦੋਵੇਂ

58. Which among the following acts is also known to be a beginning of the parliamentary Systen

a) Indian Councils Act 1892
b) Indian Councils Act 1904
c) Indian Councils Act 1909
d) Government of India Act 1919

ਹੇਠ ਲਿਖੀਆਂ ਕਾਰਵਾਈਆਂ ਵਿੱਚੋਂ ਕਿਸ ਨੂੰ ਭਾਰਤ ਵਿੱਚ ਸੰਸਦੀ ਪ੍ਰਣਾਲੀ ਦੀ ਸੁਰੂਆਤ ਵਜੋਂ ਵੀ ਜਾਣਿਆ ਜਾਂਦਾ ਹੈ ?

a) ਇੰਡੀਅਨ ਕੌਂਸਲ ਐਕਟ 1892
b) ਇੰਡੀਅਨ ਕੌਂਸਲ ਐਕਟ 1904
c) ਇੰਡੀਅਨ ਕੌਂਸਲ ਐਕਟ 1909
d) ਭਾਰਤ ਸਰਕਾਰ ਐਕਟ 1919

59. Who among the following was the first Martyr of the Revolt of 1857 ?

a) Paltu Khan b) Issrel Pandey c) Mangal Pandey d) Amar Singh

ਹੇਠ ਲਿਖੇ ਵਿੱਚੋਂ 1857 ਦੀ ਵਿਦਰੋਹ ਦਾ ਪਹਿਲਾ ਸ਼ਹੀਦ ਕੌਣ ਸੀ ?

a) ਪਲਟੂ ਖ਼ਾਨ b) ਈਸ਼ਰੋਲ ਪਾਂਡੇ c) ਮੰਗਲ ਪਾਂਡੇ d) ਅਮਰ ਸਿੰਘ

60. The Bardoli Satyagraha was led by :

a) Rajendra Prasad b) Mahatma Gandhi c) Vallabhbhai Patel d) Morarji Desai

ਬਾਰਡੋਲੀ ਸੱਤਿਆਗ੍ਰਹਿ ਦੀ ਅਗਵਾਈ ਇਹਨਾਂ ਦੁਆਰਾ ਕੀਤੀ ਗਈ ਸੀ :

a) ਰਾਜੇਂਦਰ ਪ੍ਰਸਾਦ b) ਮਹਾਤਮਾ ਗਾਂਧੀ c) ਵੱਲਭ ਭਾਈ ਪਟੇਲ d) ਮੋਰਾਰਜੀ ਦੇਸਾਈ

61. Which Indian team won the Ranji Trophy title in 2023 ?

a) Bengal b) Saurashtra c) Karnataka d) Madhya Pradesh

2023 ਵਿੱਚ ਕਿਹੜੀ ਭਾਰਤੀ ਟੀਮ ਨੇ ਰਣਜੀ ਟਰਾਫੀ ਦਾ ਖਿਤਾਬ ਜਿੱਤਿਆ ਸੀ ?

a) ਬੰਗਾਲ b) ਸੌਰਾਸ਼ਟਰ c) ਕਰਨਾਟਕ d) ਮੱਧ ਪ੍ਰਦੇਸ਼

62. Which is the venue of the Asian Games in 2023 ?

a) India b) China c) Indonesia d) Nepal

2023 ਵਿੱਚ ਏਸ਼ੀਆਈ ਖੇਡਾਂ ਦਾ ਸਥਾਨ ਕਿਹੜਾ ਹੈ ?

a) ਭਾਰਤ b) ਚੀਨ c) ਇੰਡੋਨੇਸ਼ੀਆ d) ਨੇਪਾਲ

63. Who among the following is the winner of the best actress award in the Dadasaheb Phalke International Film Festival Awards 2023 ?

a) Alia Bhatt b) Deepika Padukone c) Kangana Ranaut d) Vidya Balan

ਦਾਦਾ ਸਾਹਿਬ ਫਾਲਕੇ ਇੰਟਰਨੈਸ਼ਨਲ ਫਿਲਮ ਫੈਸਟੀਵਲ ਅਵਾਰਡਸ 2023 ਵਿੱਚ ਸਰਵੋਤਮ ਅਭਿਨੇਤਰੀ ਦੇ ਅਵਾਰਡ ਦੀ ਜੇਤੂ ਕੌਣ ਹੈ ?

a) ਆਲੀਆ ਭੱਟ b) ਦੀਪਿਕਾ ਪਾਦੂਕੋਣ c) ਕੰਗਨਾ ਰਣੌਤ d) ਵਿਦਿਆ ਬਾਲਨ

64. Which was the first Indian movie to win an Oscar in the category of best costume design ?

a) Slumdog Millionaire b) Mother India c) Gandhi d) Sholay

ਸਭ ਤੋਂ ਵਧੀਆ ਪੋਸ਼ਾਕ ਡਿਜ਼ਾਈਨ ਦੀ ਸ਼੍ਰੇਣੀ ਵਿੱਚ ਆਸਕਰ ਜਿੱਤਣ ਵਾਲੀ ਪਹਿਲੀ ਭਾਰਤੀ ਫ਼ਿਲਮ ਕਿਹੜੀ ਸੀ ?

a) ਸਲੱਮਡੌਗ ਮਿਲਿਓਨਾਈਰੇ b) ਮਦਰ ਇੰਡੀਆ c) ਗਾਂਧੀ d) ਸ਼ੋਲੇ

65. The timeless Indian novel "Devdas" was written by :

a) Rabindranath Tagore
b) Bankim Chandra Chatterjee
c) Mirza Ghalib
d) Sarat Chandra Chattopadhyay

ਸਦੀਵੀ ਭਾਰਤੀ ਨਾਵਲ "ਦੇਵਦਾਸ" ______ ਦੁਆਰਾ ਲਿਖਿਆ ਗਿਆ ਸੀ।

a) ਰਾਬਿੰਦਰਨਾਥ ਟੈਗੋਰ b) ਬੰਕਿਮ ਚੰਦਰ ਚੈਟਰਜੀ c) ਮਿਰਜ਼ਾ ਗ਼ਾਲਿਬ d) ਸ਼ਰਤ ਚੰਦਰ ਚਟੋਪਾਧਿਆਏ

66. Find the missing term (?) in the series : 3, 20, 63, 144, 275, ?

ਲੜੀ ਵਿੱਚ ਗੁੰਮ ਹੋਏ (?) ਸ਼ਬਦ ਨੂੰ ਲੱਭੋ : 3, 20, 63, 144, 275, ?

a) 354 b) 468 c) 548 d) 554

67. Choose the pair of words from among the given options that will fill the blanks so that the sentence becomes true and meaningful. ________ is to Cork as Box is to ________.

a) Spout-Crate b) Wood-Fight c) Bottle-Lid d) Bottle-Crate

ਦਿੱਤੇ ਗਏ ਵਿਕਲਪਾਂ ਵਿੱਚੋਂ ਸ਼ਬਦਾਂ ਦਾ ਜੋੜਾ ਚੁਣੋ, ਜੋ ਖਾਲੀ ਥਾਂ ਨੂੰ ਭਰ ਦੇਵੇ ਤਾਂ ਕਿ ਵਾਕ ਸਹੀ ਅਤੇ ਅਰਥਪੂਰਨ ਬਣ ਜਾਵੇ।

________ ਕਾਰਕ ਲਈ ਹੈ ਜਿਵੇਂ ਕਿ ਬਾਕਸ ______ ਨੂੰ ਹੈ।

a) ਸਪਾਊਟ-ਕਰੇਟ b) ਵੁਡ-ਫਾਈਟ c) ਬੋਤਲ-ਲਿਡ d) ਬੋਤਲ-ਕਰੇਟ

68. Choose the odd numeral pair in the following question :

ਨਿਮਨਲਿਖਤ ਪ੍ਰਸ਼ਨ ਵਿੱਚ ਵੱਖਰਾ ਅੰਕੀ ਜੋੜਾ ਚੁਣੋ :

a) 140, 45 b) 110, 35 c) 100, 30 d) 80, 25

69. If E = 5, PEN = 35, then PAGE = ?

ਜੇਕਰ E = 5, PEN = 35, ਤਾਂ PAGE = ?

a) 27 b) 28 c) 29 d) 36



Adda247

70. If Anil says, "Ravi's mother is the only daughter of my mother", how is Anil related to Ravi ?

a) Grandfather b) Father c) Brother d) None of these

ਜੇਕਰ ਅਨਿਲ ਕਹਿੰਦਾ ਹੈ, "ਰਵੀ ਦੀ ਮਾਂ ਮੇਰੀ ਮਾਂ ਦੀ ਇਕਲੌਤੀ ਧੀ ਹੈ", ਤਾਂ ਅਨਿਲ ਦਾ ਰਵੀ ਨਾਲ ਕੀ ਸਬੰਧ ਹੈ ?

a) ਦਾਦਾ b) ਪਿਤਾ c) ਭਰਾ d) ਇਹਨਾਂ ਵਿੱਚੋਂ ਕੋਈ ਨਹੀਂ

71. Raju drives 25 km North and turns left and travels 5 km and reaches point 'O'. He, then turns right and covers another 5 km. Afterwards turns to East and drives 5 km. How much distance (in km) he has to travel to go back to the starting point ?

ਰਾਜੂ 25 ਕਿਲੋਮੀਟਰ ਉੱਤਰ ਵੱਲ ਡਰਾਈਵ ਕਰਦਾ ਹੈ ਅਤੇ ਖੱਬੇ ਮੁੜਦਾ ਹੈ ਅਤੇ 5 ਕਿਲੋਮੀਟਰ ਦਾ ਸਫ਼ਰ ਕਰਦਾ ਹੈ ਅਤੇ ਬਿੰਦੂ 'O' ਤੱਕ ਪਹੁੰਚਦਾ ਹੈ । ਉਹ, ਫਿਰ ਸੱਜੇ ਮੁੜਦਾ ਹੈ ਅਤੇ ਹੋਰ 5 ਕਿਲੋਮੀਟਰ ਦਾ ਸਫ਼ਰ ਕਰਦਾ ਹੈ । ਬਾਅਦ ਵਿੱਚ ਪੂਰਬ ਵੱਲ ਮੁੜਦਾ ਹੈ ਅਤੇ 5 ਕਿਲੋਮੀਟਰ ਗੱਡੀ ਚਲਾਉਂਦਾ ਹੈ । ਸ਼ੁਰੂਆਤੀ ਬਿੰਦੂ 'ਤੇ ਵਾਪਸ ਜਾਣ ਲਈ ਉਸਨੂੰ ਕਿੰਨੀ ਦੂਰੀ (ਕਿਲੋਮੀਟਰ ਵਿੱਚ) ਤੈਅ ਕਰਨੀ ਪਏਗੀ ?

a) 30 b) 20 c) 25 d) 35

72. Which two months in a year have the same calendar for the first 30 days ?

a) June, October b) April, November c) April, July d) October, December

ਸਾਲ ਦੇ ਕਿਹੜੇ ਦੋ ਮਹੀਨਿਆਂ ਦੇ ਪਹਿਲੇ 30 ਦਿਨਾਂ ਲਈ ਕੈਲੰਡਰ ਇੱਕੋ ਜਿਹਾ ਹੁੰਦਾ ਹੈ ?

a) ਜੂਨ, ਅਕਤੂਬਰ b) ਅਪ੍ਰੈਲ, ਨਵੰਬਰ c) ਅਪ੍ਰੈਲ, ਜੁਲਾਈ d) ਅਕਤੂਬਰ, ਦਸੰਬਰ

73. Put the correct mathematical signs in the following equation from the given alternatives.

ਦਿੱਤੇ ਗਏ ਵਿਕਲਪਾਂ ਵਿੱਚੋਂ ਹੇਠਾਂ ਦਿੱਤੇ ਸਮੀਕਰਨ ਵਿੱਚ ਸਹੀ ਗਣਿਤਿਕ ਚਿੰਨ੍ਹ ਪਾਓ ।

33 ? 11 ? 3 ? 6 = 115

a) +, −, × b) ×, ÷, − c) ÷, ×, × d) −, ×, +

74. Select a figure from amongst the Answer Figures which will continue the same series as established by the five Problem Figures.

ਉੱਤਰ ਦੇ ਚਿੱਤਰਾਂ ਵਿੱਚੋਂ ਇੱਕ ਚਿੱਤਰ ਚੁਣੋ ਜੋ ਪੰਜ ਸਮੱਸਿਆ ਚਿੱਤਰਾਂ ਦੁਆਰਾ ਸਥਾਪਿਤ ਕੀਤੀ ਗਈ ਲੜੀ ਨੂੰ ਜਾਰੀ ਰੱਖੇਗਾ ।

**Problem Figures** **Answer Figures**




A B C D E (a) (b) (c) (d)

75. Figures A and B are related in a particular manner. Establish the same relationship between figures C and D by choosing a figure from amongst the four given alternatives, which would replace the question mark in Fig. (D).

ਚਿੱਤਰ A ਅਤੇ B ਇੱਕ ਖਾਸ ਤਰੀਕੇ ਨਾਲ ਸੰਬੰਧਿਤ ਹਨ । ਦਿੱਤੇ ਗਏ ਚਾਰ ਚਿੱਤਰਾਂ ਵਿੱਚੋਂ ਇੱਕ ਚਿੱਤਰ ਚੁਣ ਕੇ ਚਿੱਤਰ C ਅਤੇ D ਵਿਚਕਾਰ ਸਮਾਨ ਸਬੰਧ ਸਥਾਪਤ ਕਰੋ, ਜੋ ਚਿੱਤਰ (D) ਵਿੱਚ ਪ੍ਰਸ਼ਨ ਚਿੰਨ੍ਹ ਦੀ ਥਾਂ ਲਵੇਗਾ ।


**Problem Figures** **Answer Figures**




A B C D (a) (b) (c) (d)

76. Out of the four figures marked (a), (b), (c) and (d), three are similar in a certain manner. Choose the figure which is different from the rest.

(a), (b), (c) ਅਤੇ (d) ਚਿੰਨ੍ਹਿਤ ਚਾਰ ਚਿੱਤਰਾਂ ਵਿੱਚੋਂ, ਤਿੰਨ ਇੱਕ ਖਾਸ ਤਰੀਕੇ ਨਾਲ ਸਮਾਨ ਹਨ । ਉਹ ਚਿੱਤਰ ਚੁਣੋ ਜੋ ਬਾਕੀਆਂ ਨਾਲੋਂ ਵੱਖਰਾ ਹੋਵੇ ।



(a) (b) (c) (d)

77. If 65b – 33c = 97 and 33b – 65c = 1, then bc = ?

ਜੇਕਰ 65b – 33c = 97 ਅਤੇ 33b – 65c = 1, ਤਾਂ bc = ____ ਹੈ।

a) - 3 b) - 2 c) 3 d) 2

78. The number $(2^{48} - 1)$ is exactly divisible by two numbers between 60 and 70. The numbers are :

ਸੰਖਿਆ $(2^{48} - 1)$ ਨੂੰ 60 ਅਤੇ 70 ਦੇ ਵਿਚਕਾਰ ਦੇ ਸੰਖਿਆਵਾਂ ਦੁਆਰਾ ਪੂਰੀ ਤਰ੍ਹਾਂ ਵੰਡਿਆ ਜਾ ਸਕਦਾ ਹੈ। ਸੰਖਿਆਵਾਂ ਹਨ :

a) 63 & 65 b) 63 & 67 c) 61 & 65 d) 65 & 67

79. The least number of square tiles required to pave the ceiling of a room 15 m 17 cm long and 9 m 2 cm broad is:

15 ਮੀਟਰ 17 ਸੈਂਟੀਮੀਟਰ ਲੰਬੇ ਅਤੇ 9 ਮੀਟਰ 2 ਸੈਂਟੀਮੀਟਰ ਚੌੜੇ ਕਮਰੇ ਦੀ ਛੱਤ ਤਿਆਰ ਕਰਨ ਲਈ ਘੱਟੋ-ਘੱਟ ______ ਵਰਗ ਟਾਇਲਾਂ ਦੀ ਲੋੜ ਹੈ।

a) 656 b) 738 c) 814 d) 902

80. A car owner buys petrol at ₹ 17, ₹ 19 and ₹ 20 per litre for three consecutive years. Compute the average cost per litre, if he spends ₹ 6460 per year.

ਇੱਕ ਕਾਰ ਮਾਲਕ ਲਗਾਤਾਰ ਤਿੰਨ ਸਾਲਾਂ ਲਈ 17, 19 ਅਤੇ 20 ਰੁਪਏ ਪ੍ਰਤੀ ਲੀਟਰ ਪੈਟ੍ਰੋਲ ਖਰੀਦਦਾ ਹੈ। ਔਸਤ ਲਾਗਤ ਪ੍ਰਤੀ ਲੀਟਰ ਦੀ ਗਣਨਾ ਕਰੋ, ਜੇਕਰ ਉਹ 6460 ਰੁਪਏ ਪ੍ਰਤੀ ਸਾਲ ਖ਼ਰਚ ਕਰਦਾ ਹੈ।

a) ₹ 18.49 b) ₹ 18.58 c) ₹ 19.20 d) ₹ 21.66

81. The ratio of the ages of a man and his wife is 4 : 3. After 4 years, this ratio will be 9 : 7. If at the time of their marriage, the ratio of their ages was 5 : 3, then how many years ago were they married ?

ਇੱਕ ਆਦਮੀ ਅਤੇ ਉਸਦੀ ਪਤਨੀ ਦੀ ਉਮਰ ਦਾ ਅਨੁਪਾਤ 4 : 3 ਹੈ। 4 ਸਾਲਾਂ ਬਾਅਦ, ਇਹ ਅਨੁਪਾਤ 9 : 7 ਹੋਵੇਗਾ। ਜੇਕਰ ਉਨ੍ਹਾਂ ਦੇ ਵਿਆਹ ਦੇ ਸਮੇਂ, ਉਨ੍ਹਾਂ ਦੀ ਉਮਰ ਦਾ ਅਨੁਪਾਤ 5 : 3 ਸੀ, ਤਾਂ ਕਿੰਨੇ ਸਾਲ ਪਹਿਲਾਂ ਉਨ੍ਹਾਂ ਦਾ ਵਿਆਹ ਹੋਇਆ ਸੀ ?

a) 8 b) 10 c) 12 d) 15

82. Due to a reduction of $6\frac{1}{4}\%$ in the price of sugar, a man is able to buy 1 kg more for ₹ 120. Find the original and reduced rate of sugar.

ਖੰਡ ਦੀ ਕੀਮਤ ਵਿੱਚ $6\frac{1}{4}\%$ ਦੀ ਕਟੌਤੀ ਦੇ ਕਾਰਨ, ਇੱਕ ਵਿਅਕਤੀ 120 ਰੁਪਏ ਵਿੱਚ 1 ਕਿਲੋ ਖੰਡ ਹੋਰ ਖਰੀਦਣ ਦੇ ਯੋਗ ਹੈ। ਖੰਡ ਦੀ ਅਸਲੀ ਅਤੇ ਘਟਾਈ ਗਈ ਦਰ ਦਾ ਪਤਾ ਲਗਾਓ।

a) ₹ 7, ₹ 8.50 b) ₹ 8, ₹ 7.50 c) ₹ 6, ₹ 7.50 d) ₹ 6, ₹ 6.50

83. In a shop, 80% of the articles are sold at a profit of 10% and the remaining at a loss of 40%. What is the overall profit/loss ?

ਇੱਕ ਦੁਕਾਨ ਵਿੱਚ, 80% ਵਸਤੂਆਂ ਨੂੰ 10% ਦੇ ਲਾਭ ਅਤੇ ਬਾਕੀ 40% ਦੇ ਘਾਟੇ ਵਿੱਚ ਵੇਚਿਆ ਜਾਂਦਾ ਹੈ। ਸਮੁੱਚਾ ਲਾਭ/ਘਾਟਾ ਕੀ ਹੈ ?

a) 10 % profit (ਲਾਭ) b) 10 % loss (ਘਾਟਾ) c) 5 % loss (ਘਾਟਾ) d) No profit no loss (ਨਾ ਲਾਭ ਨਾ ਘਾਟਾ)

84. Two partners invested ₹ 125000 and ₹ 85000 respectively in a business. They distribute 60% of the profit equally and decide to distribute the remaining 40% as the interest on their capitals. If one partner received ₹ 3000 more than the other, the total profit is :

ਦੋ ਭਾਈਵਾਲਾਂ ਨੇ ਇੱਕ ਕਾਰੋਬਾਰ ਵਿੱਚ ਕ੍ਰਮਵਾਰ ₹ 125000 ਅਤੇ ₹ 85000 ਦਾ ਨਿਵੇਸ਼ ਕੀਤਾ। ਉਹ ਮੁਨਾਫੇ ਦਾ 60% ਬਰਾਬਰ ਵੰਡਦੇ ਹਨ ਅਤੇ ਬਾਕੀ 40% ਨੂੰ ਆਪਣੀ ਪੂੰਜੀ 'ਤੇ ਵਿਆਜ ਵਜੋਂ ਵੰਡਣ ਦਾ ਫੈਸਲਾ ਕਰਦੇ ਹਨ। ਜੇਕਰ ਇੱਕ ਸਾਥੀ ਨੂੰ ਦੂਜੇ ਨਾਲੋਂ ₹ 3000 ਵੱਧ ਮਿਲਦਾ ਹੈ, ਤਾਂ ਕੁੱਲ ਲਾਭ ਹੈ :

a) ₹ 42250 b) ₹ 39375 c) ₹ 38840 d) ₹ 36575

85. What is the difference between the compound interests on ₹ 5000 for 1 year at 4% per annum compounded yearly and half yearly ?

₹ 5000 'ਤੇ ਸਾਲ ਲਈ 4% ਪ੍ਰਤੀ ਸਲਾਨਾ ਮਿਸ਼ਰਿਤ ਅਤੇ ਛਿਮਾਹੀ ਮਿਸ਼ਰਿਤ ਵਿਆਜ ਵਿੱਚ ਕੀ ਅੰਤਰ ਹੈ ?

a) ₹ 2 b) ₹ 3 c) ₹ 4 d) ₹ 5

86. 2 men and 3 boys can do a piece of work in 10 days while 3 men and 2 boys can do the same work in 8 days. In how many days can 2 men and 1 boy do the work ?

2 ਆਦਮੀ ਅਤੇ 3 ਲੜਕੇ 10 ਦਿਨਾਂ ਵਿੱਚ ਇੱਕ ਕੰਮ ਕਰ ਸਕਦੇ ਹਨ ਜਦੋਂ ਕਿ 3 ਆਦਮੀ ਅਤੇ 2 ਲੜਕੇ ਉਹੀ ਕੰਮ 8 ਦਿਨਾਂ ਵਿੱਚ ਕਰ ਸਕਦੇ ਹਨ। 2 ਆਦਮੀ ਅਤੇ 1 ਲੜਕਾ ਕਿੰਨੇ ਦਿਨਾਂ ਵਿੱਚ ਉਹੀ ਕੰਮ ਕਰ ਸੱਕਣਗੇ ?

a) $12\frac{1}{2}$ b) 10 c) $22\frac{1}{2}$ d) 24

87. A man covers a certain distance on a toy train. Had the train moved 4 km/hr faster, it would have taken 30 minutes less. If it moved 2 km/hr slower, it would have taken 20 minutes more. Find the distance in kilometres.

ਇੱਕ ਆਦਮੀ ਇੱਕ ਖਿਡੌਣਾ ਰੇਲ ਗੱਡੀ 'ਤੇ ਇੱਕ ਨਿਸ਼ਚਿਤ ਦੂਰੀ ਤੈਅ ਕਰਦਾ ਹੈ। ਜੇਕਰ ਰੇਲਗੱਡੀ 4 ਕਿਲੋਮੀਟਰ ਪ੍ਰਤੀ ਘੰਟਾ ਵੱਧ ਦੀ ਰਫ਼ਤਾਰ ਨਾਲ ਅੱਗੇ ਵੱਧਦੀ, ਤਾਂ ਇਸ ਨੂੰ 30 ਮਿੰਟ ਘੱਟ ਲੱਗਦੇ। ਜੇਕਰ ਇਹ 2 ਕਿਲੋਮੀਟਰ ਪ੍ਰਤੀ ਘੰਟਾ ਹੌਲੀ ਚੱਲਦੀ, ਤਾਂ ਇਸ ਨੂੰ 20 ਮਿੰਟ ਦੇਰ ਲੱਗਣਗੇ। ਕਿਲੋਮੀਟਰ ਵਿੱਚ ਦੂਰੀ ਲੱਭੋ।

a) 32 b) 60 c) 68 d) 80

88. A vessel contains a mixture of Grape, Pineapple and Banana juices in the respective ratio of 4 : 6 : 5. Fifteen litres of this mixture is taken out and 8 litres of grape juice and 2 litres of pineapple juice is added to the vessel. If the resultant quantity of grape juice is 10 litres less than the resultant quantity of pineapple juice, what was the initial quantity of mixture in the vessel (in litres)?

a) 120 b) 150 c) 105 d) 135

ਇੱਕ ਭਾਂਡੇ ਵਿੱਚ 4 : 6 : 5 ਦੇ ਅਨੁਪਾਤ ਵਿੱਚ ਅੰਗੂਰ, ਅਨਾਨਾਸ ਅਤੇ ਕੇਲੇ ਦੇ ਰਸ ਦਾ ਮਿਸ਼ਰਣ ਹੈ। ਇਸ ਮਿਸ਼ਰਣ ਵਿੱਚੋਂ ਪੰਦਰਾਂ ਲੀਟਰ ਕੱਢ ਕੇ ਭਾਂਡੇ ਵਿੱਚ 8 ਲੀਟਰ ਅੰਗੂਰ ਦਾ ਰਸ ਅਤੇ 2 ਲੀਟਰ ਅਨਾਨਾਸ ਦਾ ਰਸ ਮਿਲਾਇਆ ਜਾਂਦਾ ਹੈ। ਜੇਕਰ ਅੰਗੂਰ ਦੇ ਰਸ ਦੀ ਨਤੀਜਾ ਮਾਤਰਾ(resultant quantity) ਅਨਾਨਾਸ ਦੇ ਜੂਸ ਦੀ ਨਤੀਜਾ ਮਾਤਰਾ(resultant quantity) ਤੋਂ 10 ਲੀਟਰ ਘੱਟ ਹੈ, ਤਾਂ ਭਾਂਡੇ ਵਿੱਚ ਮਿਸ਼ਰਣ ਦੀ ਸ਼ੁਰੂਆਤੀ ਮਾਤਰਾ (ਲੀਟਰ ਵਿੱਚ) ਕੀ ਸੀ ?

a) 120 b) 150 c) 105 d) 135

89. Vishwas borrowed a total amount of ₹ 30000, part of it on simple interest rate of 12 p.c.p.a. and remaining on simple interest rate of 10 p.c.p.a. If at the end of 2 years he paid in all ₹ 36480 to settle the loan amount, what was the amount borrowed at 12 p.c.p.a. ?

a) ₹ 12000 b) ₹ 16000 c) ₹ 17500 d) ₹ 18000

ਵਿਸ਼ਵਾਸ ਨੇ ਕੁੱਲ ₹ 30000 ਦੀ ਰਕਮ ਉਧਾਰ ਲਈ, ਇਸ ਦਾ ਕੁਝ ਹਿੱਸਾ 12 p.c.p.a. ਦੀ ਸਧਾਰਨ ਵਿਆਜ ਦਰ 'ਤੇ ਅਤੇ ਬਾਕੀ 10 p.c.p.a. ਦੀ ਸਧਾਰਨ ਵਿਆਜ ਦਰ 'ਤੇ ਹੈ। ਜੇਕਰ 2 ਸਾਲਾਂ ਦੇ ਅੰਤ ਵਿੱਚ ਉਸਨੇ ਕਰਜ਼ੇ ਦੀ ਰਕਮ ਦਾ ਨਿਪਟਾਰਾ ਕਰਨ ਲਈ ₹ 36480 ਦਾ ਭੁਗਤਾਨ ਕੀਤਾ, ਤਾਂ 12 p.c.p.a. 'ਤੇ ਉਧਾਰ ਲਈ ਗਈ ਰਕਮ ਕਿੰਨੀ ਸੀ ?

a) ₹ 12000 b) ₹ 16000 c) ₹ 17500 d) ₹ 18000

90. The cost of fencing a square field @ ₹ 20 per metre is ₹ 10,080. How much will it cost to lay a three metre wide pavement along the fencing inside the field @ ₹ 50 per sq. metre ?

ਇੱਕ ਵਰਗ ਖੇਤਰ ਦੀ ਵਾੜ ਲਗਾਉਣ ਦੀ ਲਾਗਤ @ ₹ 20 ਪ੍ਰਤੀ ਮੀਟਰ ਤੇ ₹10,080 ਹੈ। ਖੇਤ ਦੇ ਅੰਦਰ ਕੰਡਿਆਲੀ ਤਾਰ ਦੇ ਨਾਲ ਤਿੰਨ ਮੀਟਰ ਚੌੜਾ ਫੁੱਟਪਾਥ @ 50 ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਵਿਛਾਉਣ ਲਈ ਕਿੰਨਾ ਖਰਚਾ ਆਵੇਗਾ ?

a) ₹ 37,350 b) ₹ 73,800 c) ₹ 77,400 d) None of these

91. Choose the correctly spelt word :

a) Consciousness b) expectantily c) adventurus d) corraborate

92. Choose the sentence in which adjectives are correctly used.

a) She is better than any other girl that studies in our class.
b) She was not punished though she came latter than I.
c) In the opinion of everyone she is wiser than beautiful.
d) It was bitter cold and we preferred not to go out that night.

93. Select the alternative which best expresses the given sentence in Indirect Speech.

Kiran asked me, "Did you see the cricket match on TV last night ?"

a) Kiran asked me whether I saw the cricket match on TV the earlier night.
b) Kiran asked me whether I have seen the cricket match on TV the last night.
c) Kiran asked me whether I had seen the cricket match on TV the earlier night.
d) Kiran asked me whether you saw the cricket match on TV the last night.

94. Change the VOICE of the given sentence.

He was driving the car so fast that it skidded on the snowy road.

a) The car was driven by him so fast that it skidded on the snowy road.
b) The car was being driven by him so fast that it skidded on the snowy road.
c) The car had been driven by him so fast that it skidded on the snowy road.
d) The car has been driven by him so fast that it skidded on the snowy road.

95. Fill in the blank.
How dare you ______ to your teachers like this ?
a) to talk b) talk c) talking d) talked

96. Sentence : I made the decision to buy onions on my way to the shops.
Which of the following statements best expresses the meaning as found in the sentence ?
a) Because I was going to shops, I decided to buy onions.
b) While I was going to the shops, I decided to buy onions.
c) As I was going to the shops, I decided to buy onions.
d) Since I was going to shops, I decided to buy onions.

97. Fill up the blank with suitable preposition.
Nothing can deter him ______ pursuing his aim of life.
a) for b) from c) in d) of

98. Choose the correct meaning of the underlined idiom given in the sentence.
The sight of the accident made my flesh creep.
a) worried me b) frightened me c) confused me d) drew my attention

99. Select the most suitable alternative which conveys the exact meaning in accordance with the correct grammatical rules.
a) You are not working hard so your success is out of a question.
b) You are not working hard so your success is out of the question.
c) You are not working hard so your success is out of question.
d) You are not working hard so your success is not out of the question.

100. Choose the one which can be substituted for the given sentence.
The practise of having many wives.
a) Bigamy b) Calligraphy c) Polygamy d) Polyandry

Adda247